# ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਦੇ ਸਮੂਹ ਟਰੱਸਟੀ ਸਾਹਿਬਾਨ ਲਈ ਮਰਯਾਦਾ-ਪੱਤਰ

## ਸ੍ਰੀ ਗੁਰੂ ਸਿੰਘ ਸਭਾ ਸੇਵਾ ਮਰਯਾਦਾ-ਪੱਤਰ

ਮੈਂ, ਸਿੰਘ ਸਭਾ ਸਾਊਥਾਲ ਦੀਆਂ ਪਰੰਪਰਾਵਾਂ ਦਾ ਸਤਿਕਾਰ ਬਰਕਰਾਰ ਰੱਖਾਂਗਾ।

### ਆਮ ਮਰਯਾਦਾ

- ਮੈਂ ਸੰਸਥਾ ਦੇ ਪ੍ਰਬੰਧਕੀ ਕਾਇਦੇ-ਕਾਨੂੰਨ ਅਨੁਸਾਰ ਕੰਮ ਕਰਾਂਗਾ ਅਤੇ ਇਸ ਦੀਆਂ ਨੀਤੀਆਂ ਤੇ ਕਾਰਜ-ਵਿਧੀ ਨੂੰ ਮੰਨਾਂਗਾ। ਇਸ ਵਿਚ ਪ੍ਰਬੰਧਕੀ ਕਾਇਦੇ-ਕਾਨੂੰਨ, ਨੀਤੀਆਂ ਅਤੇ ਕਾਰਜ-ਵਿਧੀ ਦੀ ਜਾਣਕਾਰੀ ਹਾਸਲ ਕਰਨਾ ਸ਼ਾਮਲ ਹੈ।

- ਮੈਂ ਸਭਾ ਦੇ ਉਦੇਸ਼ਾਂ ਤੇ ਮਿਸ਼ਨ ਦਾ ਸਮਰਥਨ ਕਰਾਂਗਾ ਤੇ ਅੱਗੇ ਵਧਾਵਾਂਗਾ।ਇਸ ਮਿਸ਼ਨ ਦੇ ਪਸਾਰ ਲਈ ਆਪਣੇ ਗਿਆਨ ਤੇ ਹੁਨਰ ਦੀ ਵਰਤੋਂ ਕਰਾਂਗਾ ਤੇ ਲੋੜ ਅਨੁਸਾਰ ਮਾਹਿਰਾਂ ਦੀ ਸਹੀ ਸਲਾਹ ਲਵਾਂਗਾ।

- ਮੈਂ ਆਪਣੇ ਗਿਆਨ, ਤਜ਼ਰਬੇ ਤੇ ਅਨੁਭਵ ਦੀ ਵਰਤੋਂ ਕਰਕੇ ਸਭਾ ਦੇ ਸਰਗਰਮ ਟਰੱਸਟੀ ਵਜੋਂ ਕੰਮ ਕਰਾਂਗਾ ਅਤੇ ਟਰੱਸਟ ਦੀਆਂ ਮੀਟਿੰਗਾਂ ਤੋਂ ਇਲਾਵਾ ਸਬ-ਕਮੇਟੀਆਂ ਦੀਆਂ ਇਕੱਤਰਤਾਵਾਂ ਵਿਚ ਸ਼ਾਮਲ ਹੋਣ ਦੇ ਨਾਲ-ਨਾਲ ਹੋਰ ਜੋ ਕੁਝ ਵੀ ਕਰ ਸਕਦਾ ਹੋਇਆ, ਉਹ ਕਰਾਂਗਾ।

- ਮੈਂ ਸੰਸਥਾ, ਬੋਰਡ ਅਤੇ ਨਿੱਜੀ ਗੁਪਤਤਾ ਦਾ ਸਤਿਕਾਰ ਕਰਾਂਗਾ ਪ੍ਰੰਤੂ ਗੁਪਤਤਾ ਦੀ ਆੜ ਵਿਚ ਪਾਰਦਰਸ਼ੀ ਤੇ ਖੁੱਲੇ ਮਾਮਲਿਆਂ ਨੂੰ ਲੁਕੋ ਕੇ ਨਹੀਂ ਰੱਖਾਂਗਾ।

- ਮੈਂ ਸਭਾ ਅਤੇ ਇਸ ਦੇ ਮਾਹੌਲ ਬਾਰੇ ਸਹੀ ਤੇ ਪੂਰੀ ਜਾਣਕਾਰੀ ਰੱਖਾਂਗਾ ਕਿ ਸਭਾ ਮੌਜੂਦਾ ਸਮਾਜਿਕ, ਰਾਜਨੀਤਿਕ ਤੇ ਆਰਥਿਕ ਹਾਲਾਤ ਵਿਚ ਕਿਵੇਂ ਤੇ ਕਿਸ ਹੱਦ ਤੱਕ ਸੇਵਾ ਨਿਭਾ ਰਹੀ ਹੈ।

- ਮੈਂ ਸਭਾ ਦੇ ਵਸੀਲਿਆਂ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਾਂਗਾ ਅਤੇ ਸਭਾ ਦੀ ਨਿਰਧਾਰਤ ਕਾਰਜ–ਵਿਧੀ ਆਪਣਾ ਕੇ, ਖਰਚ ਕੀਤੀ ਰਕਮ ਵਸੂਲ ਪਾਵਾਂਗਾ।

- ਮੈਂ ਆਪਣੇ ਕੰਮਾਂ ਲਈ ਇਕ ਜਵਾਬਦੇਹ ਟਰੱਸਟੀ ਹੋਵਾਂਗਾ ਅਤੇ ਹਰ ਲੋੜੀਂਦੀ ਪੜਤਾਲ ਖੁਦ ਪੇਸ਼ ਕਰਾਂਗਾ।

- ਮੈਨੂੰ ਸਭਾ ਦੇ ਕੰਮ ਠੀਕ ਤਰ੍ਹਾਂ ਚਲਾਉਣ ਲਈ ਜ਼ਿੰਮੇਵਾਰੀ ਦਾ ਅਹਿਸਾਸ ਹੈ ਅਤੇ ਮੈਂ ਇਹ ਯਕੀਨ ਦੁਆਉਂਦਾ ਹਾਂ ਕਿ ਕਿਸੇ ਮਾਮਲੇ ਬਾਰੇ ਸਹੀ, ਢੁੱਕਵੇਂ ਤੇ ਗੰਭੀਰਤਾ ਨਾਲ ਸਵਾਲ ਉਠਾਵਾਂਗਾ।

## ਪ੍ਰਬੰਧਕੀ ਹਿੱਤਾਂ ਸਬੰਧੀ

- ਮੈਂ ਸਭਾ ਵਿਚ ਸ਼ਾਮਲ ਹੋਣ ਬਦਲੇ, ਜਦੋਂ ਤੱਕ ਵਿਸ਼ੇਸ਼ ਤੌਰ ਤੇ ਅਧਿਕਾਰਤ ਨਹੀਂ ਹੁੰਦਾ, ਕੋਈ ਪਦਾਰਥਕ ਜਾਂ ਵਿੱਤੀ ਲਾਭ ਪ੍ਰਾਪਤ ਨਹੀਂ ਕਰਾਂਗਾ।

- ਮੈਂ ਕਿਸੇ ਗਰੁੱਪ ਦੇ ਪ੍ਰਤੀ–ਨਿਧੀ ਵਜੋਂ ਨਹੀਂ ਸਗੋਂ ਸਭਾ ਦੇ ਮੌਜੂਦਾ ਤੇ ਭਵਿੱਖੀ ਲਾਭਕਾਰੀ ਕੰਮਾਂ ਨੂੰ ਵਿਚਾਰ ਕੇ ਹਿੱਤਕਾਰੀ ਕੰਮ ਕਰਾਂਗਾ ਅਤੇ ਸਭਾ ਨੂੰ ਢਾਹ ਨਹੀਂ ਲੱਗਣ ਦਿਆਂਗਾ।

- ਜਦੋਂ ਤੱਕ ਅਧਿਕਾਰਤ ਨਹੀਂ ਹੁੰਦਾ, ਮੈਂ ਕਦੇ ਵੀ ਆਪਣੇ ਹਿੱਤਾਂ ਅਤੇ ਸੰਸਥਾ ਦੇ ਹਿੱਤਾਂ ਵਿਚ ਟਕਰਾਅ ਦੀ ਸਥਿਤੀ ਪੈਦਾ ਨਹੀਂ ਹੋਣ ਦਿਆਂਗਾ। ਜਿੱਥੇ ਕਿਤੇ ਟਕਰਾਅ ਦੀ ਸੰਭਾਵਨਾ ਬਣੀ, ਮੈਂ ਆਪਣੇ ਆਪ ਨੂੰ ਸਭਾ ਦੀ ਨੀਤੀ ਅਨੁਸਾਰ ਢਾਲ ਕੇ ਕੰਮ ਕਰਨਾ ਯਕੀਨੀ ਬਣਾਵਾਂਗਾ।

- ਮੈਂ ਸਮਝਦਾ ਹਾਂ ਕਿ ਆਪਣੇ ਅਤੇ ਸੰਸਥਾ ਦੇ ਹਿੱਤਾਂ ਵਿਚ ਟਕਰਾਅ ਦੀ ਸਥਿਤੀ ਨੂੰ ਲੁਕੋਣਾ,

ਇਸ ਮਰਯਾਦਾ ਦੀ ਉਲੰਘਣਾ ਮੰਨਿਆ ਜਾਵੇਗਾ।

## ਇਕੱਤਰਤਾਵਾਂ

- ਮੈਂ ਸਭਾ ਦੀਆਂ ਸਾਰੀਆਂ ਇਕੱਤਰਤਾਵਾਂ ਅਤੇ ਮੁਲਾਕਾਤਾਂ ਵਿਚ ਸ਼ਾਮਲ ਹੋਵਾਂਗਾ ਜਾਂ ਨਾ ਆ ਸਕਣ ਲਈ ਮੁਆਫੀ ਮੰਗਾਂਗਾ। ਜੇਕਰ ਮੈਂ ਲਗਾਤਾਰ ਇਕੱਤਰਤਾਵਾਂ ਵਿਚਸ਼ਾਮਲ ਨਾਲ ਹੋ ਸਕਦਾ ਹੋਵਾਂ ਤਾਂ ਸਭਾ ਦੀ ਸੇਵਾ ਲਈ ਕੋਈ ਹੋਰ ਰਸਤਾ ਲੱਭਾਂਗਾ।

- ਮੈਂ ਸਾਰੀਆਂ ਇਕੱਤਰਤਾਵਾਂ ਵਿਚ ਏਜੰਡੇ ਅਨੁਸਾਰ ਪੂਰੀ ਤਿਆਰੀ ਕਰਾਂਗਾ ਅਤੇ ਸੰਸਥਾ ਲਈ ਕੰਮ ਕਰਾਂਗਾ ਜਿਵੇਂ ਕਿ ਦਸਤਾਵੇਜ਼ਾਂ ਨੂੰ ਵਾਚਣਾ, ਸਮਝ ਵਿਚ ਨਾ ਆਏ ਮਾਮਲੇ ਬਾਰੇ ਪੁੱਛ-ਗਿੱਛ ਕਰਨੀ, ਇਕੱਤਰਤਾ ਵਿਚ ਵਿਚਾਰਨ ਯੋਗ ਮੁਦਿਆਂ ਬਾਰੇ ਸੋਚ-ਵਿਚਾਰ ਕਰਨੀ ਅਤੇ ਮੇਰੇ ਜ਼ਿੰਮੇ ਲੱਗੇ ਕੰਮਾਂ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨਾ।

- ਮੈਂ ਇਕੱਤਰਤਾ ਦੌਰਾਨ ਵਿਚਾਰਾਂ, ਬਹਿਸ ਅਤੇ ਵੋਟਿੰਗ ਵਿਚ ਪੂਰੀ ਸਰਗਰਮੀ ਨਾਲ ਭਾਗ ਲਵਾਂਗਾ; ਸੂਝਵਾਨ ਤੇ ਉਸਾਰੂ ਵਿਚਾਰਾਂ ਨਾਲ ਯੋਗਦਾਨ ਪਾਵਾਂਗਾ, ਦੂਜਿਆਂ ਦੇ ਵਿਚਾਰਾਂ ਨੂੰ ਗੌਰ ਨਾਲ ਸੁਣਾਂਗਾ, ਠਰ੍ਹੰਮੇ ਨਾਲ ਸਵਾਲ ਕਰਾਂਗਾ ਅਤੇ ਟਕਰਾ ਨੂੰ ਟਾਲਾਂਗਾ।

- ਮੈਂ ਸਰਬ-ਸੰਮਤੀ ਨਾਲ ਫੈਸਲੇ ਕਰਨ ਵਿਚ ਭਾਗ ਲਵਾਂਗਾ, ਬੋਰਡ ਦੇ ਬਹੁ-ਮਤ ਫੈਸਲੇ ਨੂੰ ਮੰਨਾਂਗਾ ਅਤੇ ਜਦੋਂ ਤੱਕ ਅਧਿਕਾਰਤ ਨਹੀਂ ਹੁੰਦਾ, ਵਿਅਕਤੀਗਤ ਤੌਰ ਤੇ ਕੋਈ ਕਾਰਵਾਈ ਨਹੀਂ ਕਰਾਂਗਾ।

## ਸ਼ਾਸ਼ਨ

- ਮੈਂ ਟਰੱਸਟੀ ਬੋਰਡ ਦਾ ਸਾਸ਼ਨ ਬਿਹਤਰ ਬਣਾਉਣ ਲਈ ਪੂਰੀ ਤਨਦੇਹੀ ਨਾਲ ਯੋਗਦਾਨ ਪਾਵਾਂਗਾ, ਸਿਖਿਆ ਅਤੇ ਸਿਖਲਾਈ ਵਿਚ ਭਾਗ ਲਵਾਂਗਾ ਅਤੇ ਸੁਧਾਰਾਂ ਲਈ ਬੋਰਡ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਾਂਗਾ।

➢ ਮੈਂ ਸਭਾ ਦੇ ਟਰੱਸਟੀਆਂ ਲਈ ਚੰਗੇ ਉਮੀਦਵਾਰਾਂ ਦੀ ਸ਼ਨਾਖਤ ਕਰਨ ਵਿਚ ਮੱਦਦ ਕਰਾਂਗਾ ਅਤੇ ਆਪਣੇ ਸਾਥੀ ਟਰੱਸਟੀਆਂ ਨਾਲ, ਪ੍ਰਵਾਨਤ ਚੋਣ ਮਾਪਦੰਡਾਂ ਅਨੁਸਾਰ ਨਵੇਂ ਟਰੱਸਟੀਆਂ ਦੀ ਨਿਯੁਕਤੀ ਕਰਾਂਗਾ।

## ਦੂਜਿਆਂ ਨਾਲ ਸਬੰਧ

➢ ਮੈਂ ਸਭਾ ਵਿਚ ਆਪਣੇ ਨਾਲ ਸੰਪਰਕ ਵਿਚ ਆਉਣ ਵਾਲਿਆਂ ਨਾਲ ਧਿਆਨ ਤੇ ਸਤਿਕਾਰ ਨਾਲ ਪੇਸ਼ ਆਵਾਂਗਾ। ਮੈਂ ਵਿਭਿੰਨਤਾ, ਵੱਖਰੀਆਂ ਭੂਮਿਕਾਵਾਂ ਤੇ ਬੰਦਸ਼ਾਂ ਦਾ ਸਤਿਕਾਰ ਕਰਾਂਗਾ ਅਤੇ ਅਪਰਾਧ ਤੋਂ ਬਚਾਂਗਾ।

➢ ਮੈਨੂੰ ਪਤਾ ਹੈ ਕਿ ਟਰੱਸਟੀਆਂ, ਵਲੰਟੀਅਰਾਂ ਅਤੇ ਸਭਾ ਦੇ ਸਟਾਫ ਦੀ ਵੱਖਰੀ ਭੂਮਿਕਾ ਹੈ ਅਤੇ ਮੈ ਇਨ੍ਹਾਂ ਵੱਖਰੀਆਂ ਭੂਮਿਕਾਵਾਂ ਵਿਚਲੇ ਅੰਤਰ ਨੂੰ ਸਮਝਾਂਗਾ ਤੇ ਸਤਿਕਾਰ ਕਰਾਂਗਾ।

➢ ਜਿੱਥੇ ਮੈਂ ਸੰਸਥਾ ਦਾ ਵਾਲੰਟੀਅਰ ਹਾਂ, ਮੈਂ ਇਕ ਟਰੱਸਟੀ ਅਤੇ ਵਾਲੰਟੀਅਰ ਦੀ ਭੂਮਿਕਾ ਦੇ ਫਰਕ ਨੂੰ ਕਾਇਮ ਰੱਖਾਂਗਾ।

➢ ਮੈਂ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦਾ ਸਮਰਥਨ ਹਾਸਲ ਕਰਾਂਗਾ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਾਂਗਾ। ਮੈਂ ਮੁਖੀ ਅਤੇ ਸੀਨੀਅਰ ਸਟਾਫ ਮੈਂਬਰਾਂ ਦਾ ਸਮਰਥਨ ਕਰਨ ਦੀ ਆਪਣੀ ਜ਼ਿੰਮੇਵਾਰੀ ਨੂੰ ਪਛਾਣਦਾ ਹਾਂ।

➢ ਮੈਂ ਸੰਸਥਾ ਬਾਰੇ ਕੋਈ ਜਨਤਕ ਟਿਪੱਣੀਆਂ ਨਹੀਂ ਕਰਾਂਗਾ ਜਦੋਂ ਤੱਕ ਅਜਿਹਾ ਕਰਨ ਲਈ ਅਧਿਕਾਰਤ ਨਾ ਹੋਵਾਂ। ਸਭਾ ਬਾਰੇ ਜੇਕਰ ਮੈਂ ਬਤੌਰ ਟਰੱਸਟੀ ਜਾਂ ਵਿਅਕਤੀਗਤ ਤੌਰ ਤੇ ਕੋਈ ਵੀ ਜਨਤਕ ਟਿਪਣੀ ਕਰਾਂਗਾ, ਉਹ ਸੋਚੀ-ਸਮਝੀ ਅਤੇ ਸੰਸਥਾ ਦੀਆਂ ਨੀਤੀਆਂ ਦੇ ਅੰਤਰਗਤ ਹੋਵੇਗੀ।

## ਬੋਰਡ ਨੂੰ ਛੱਡਣਾ

- ਮੈਂ ਸਮਝਦਾ ਹਾਂ ਕਿ ਇਸ ਮਰਯਾਦਾ–ਪੱਤਰ ਦੇ ਕਿਸੇ ਵੀ ਹਿੱਸੇ ਦੀ ਉਲੰਘਣਾ ਕਰਨ ਦੇ ਫਲਸਰੂਪ ਮੈਨੂੰ ਟਰੱਸਟੀ ਬੋਰਡ ਤੋਂ ਅਸਤੀਫਾ ਦੇਣ ਲਈ ਕਿਹਾ ਜਾ ਸਕਦਾ ਹੈ।

- ਅਜਿਹਾ ਵਾਪਰਨ ਦੀ ਸੂਰਤ ਵਿਚ ਮੈਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ। ਇਸ ਮਾਮਲੇ ਵਿਚ ਜੇਕਰ ਮੈਨੂੰ ਬੋਰਡ ਦੇ ਬਹੁਮੱਤ ਫੈਸਲੇ ਅਨੁਸਾਰ ਅਸਤੀਫਾ ਦੇਣ ਲਈ ਕਿਹਾ ਜਾਵੇਗਾ ਤਾਂ ਮੈਂ ਸਵੀਕਾਰ ਕਰਕੇ, ਤੁਰੰਤ ਅਸਤੀਫਾ ਸੌਂਪ ਦੇਵਾਂਗਾ।

- ਜੇਕਰ ਕਿਸੇ ਵੀ ਸਮੇਂ ਮੈਂ ਸਭਾ ਦੇ ਟਰੱਸਟੀ ਵਜੋਂ ਛੱਡਣਾ ਚਾਹਾਂ, ਮੈਂ ਮੁਖੀ ਨੂੰ ਲਿਖਤੀ ਰੂਪ ਵਿਚ ਛੱਡਣ ਦੇ ਕਾਰਨ ਦੱਸਦਾ ਹੋਇਆ ਅਗੇਤਰੀ ਸੂਚਨਾ ਦੇਵਾਂਗਾ।

- ਮੈਂ ਉਪਰੋਕਤ ਮਰਯਾਦਾ–ਪੱਤਰ ਦੇ ਸਾਰੇ ਤੱਥਾਂ ਨੂੰ ਧਿਆਨ ਨਾਲ ਪੜ੍ਹਕੇ, ਵਿਚਾਰਨ ਉਪਰੰਤ, ਇਨ੍ਹਾਂ ਦੀ ਇੰਨ–ਬਿੰਨ ਪਾਲਣਾ ਕਰਨ ਦਾ ਵਚਨ ਦਿੰਦਾ ਹੋਇਆ ਹੇਠਾਂ ਦਸਤਖਤ ਕਰਦਾ ਹਾਂ।

ਦਸਤਖਤ . . . . . . . . . . .   . .

ਨਾਮ       . . . . . . . . . . . . .

ਮਿਤੀ . . . . . . . . . . . . .